


# ਫਾਈਨਲ ਲਿਖਤੀ ਪੇਪਰ ਨੋਟਸ (2025-26)

## Final Paper Notes

ਪਿਆਰੇ ਵਿਦਿਆਰਥੀਓ ਤੁਹਾਨੂੰ ਕੰਪਿਊਟਰ ਸਾਇੰਸ ਵਿਸ਼ੇ ਦਾ ਫਾਈਨਲ ਲਿਖਤੀ ਪੇਪਰ ਜੋ ਕਿ ਕੁੱਲ **40** ਅੰਕ ਦਾ ਹੋਵੇਗਾ ਦੇ ਸਬੰਧ ਵਿੱਚ ਪ੍ਰਸ਼ਨ ਪੱਤਰ ਤਿੰਨ ਭਾਗਾਂ **(ਭਾਗ ੳ, ਭਾਗ ਅ ਅਤੇ ਭਾਗ ੲ)** ਵਿੱਚ ਵੰਡਿਆ ਹੋਵੇਗਾ।

1. ਭਾਗ ੳ ਕੁੱਲ 10 ਅੰਕਾਂ ਦਾ ਹੋਵੇਗਾ ਜਿਸ ਵਿੱਚ 4 ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲੇ, 3 ਖਾਲੀ ਥਾਵਾਂ ਵਾਲੇ ਪ੍ਰਸ਼ਨ ਹੋਣਗੇ ਅਤੇ 3 ਪ੍ਰਸ਼ਨ ਪੂਰੇ ਰੂਪ ਵਾਲੇ ਹੋਣਗੇ।
2. ਭਾਗ ਅ ਕੁੱਲ 20 ਅੰਕਾਂ ਦਾ ਹੋਵੇਗਾ ਜਿਸ ਵਿੱਚ **4-4** ਅੰਕਾ ਦੇ 5 ਪ੍ਰਸ਼ਨ ਹੋਣਗੇ, ਜਿਸ ਵਿੱਚ ਦੋ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ।
3. ਭਾਗ ੲ ਕੁੱਲ 10 ਅੰਕਾਂ ਦਾ ਹੋਵੇਗਾ ਜਿਸ ਵਿੱਚ **5-5** ਅੰਕਾਂ ਦੇ 2 ਪ੍ਰਸ਼ਨ ਹੋਣਗੇ, ਜਿਨ੍ਹਾਂ ਵਿੱਚ ਅੰਦਰੂਨੀ ਛੋਟ ਹੋਵੇਗੀ।

## ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨ

1...............ਫੌਂਟ ਦੀ ਵਰਤੋਂ ਪੰਜਾਬੀ ਵਿੱਚ ਟਾਈਪ ਕਰਨ ਲਈ ਕੀਤੀ ਜਾਂਦੀ ਹੈ।

ੳ. ਅਨਮੋਲ ਲਿੱਪੀ    ਅ. ਰਾਵੀ    ੲ. ਜੁਆਏ    **ਸ. ਉਪਰੋਕਤ ਸਾਰੇ**

2. UNICODE ਦਾ ਪੂਰਾ ਨਾਂ ਕੀ ਹੈ?

ੳ.ਯੂਨੀਅਮ ਕੋਡ    ਅ. ਯੂਨੀਫਾਈਡ ਕੋਡ    **ੲ. ਯੂਨੀਵਰਸਲ ਕੋਡ**    ਸ. ਇਹਨਾਂ ਵਿੱਚੋਂ ਕੋਈ ਨਹੀਂ

3. ਹੇਠ ਲਿਖਿਆਂ ਵਿੱਚੋਂ ਕਿਹੜਾ UNICODE ਫੌਂਟ ਪੰਜਾਬੀ ਵਿੱਚ ਟਾਈਪਿੰਗ ਲਈ ਵਰਤਿਆ ਜਾਂਦਾ ਹੈ।

ੳ. ਅਨਮੋਲਲਿਪੀ    **ਅ.ਰਾਵੀ**    ੲ. ਅਸੀਸ    ਸ. ਉਪਰੋਕਤ ਸਾਰੇ

4.ਹੇਠ ਲਿਖਿਆਂ ਵਿੱਚੋਂ ਕਿਹੜਾ ਫੋਨੇਟਿੱਕ ਫੌਂਟ ਪੰਜਾਬੀ ਵਿੱਚ ਟਾਈਪਿੰਗ ਲਈ ਵਰਤਿਆ ਜਾਂਦਾ ਹੈ।

**ੳ. ਅਨਮੋਲਲਿਪੀ**    ਅ.ਰਾਵੀ    ੲ. ਅਸੀਸ    ਸ. ਉਪਰੋਕਤ ਸਾਰੇ

5.ਨੰਬਰਪੈਡ ਦੀ ਵਰਤੋਂ ਲਈ..........ਕੀਅ ON ਰੱਖਣੀ ਚਾਹੀਦੀ ਹੈ।

**ੳ. ਨਮ ਲਾਕ**    ਅ. ਕੈਪਸ ਲਾਕ    ੲ. ਸਕਰੋਲ ਲਾਕ    ਸ. ਇਹਨਾਂ ਵਿਚੋਂ ਕੋਈ ਨਹੀਂ

6.ਇੰਟਰਨੈਸ਼ਨਲ ਨੈੱਟਵਰਕ ਆਫ ਕੰਪਿਊਟਰਜ਼ ਨੂੰ ..............ਕਿਹਾ ਜਾਂਦਾ ਹੈ।

ੳ. ਅਰਪਾਨੈਟ    ਅ. ਇੰਟਰਾਨੈੱਟ    **ੲ.ਇੰਟਰਨੈੱਟ**    ਸ. ਇਥਰਨੈਟ

7. WWW ਦਾ ਮਤਲਬ ਹੈ ....................

**ੳ. ਵਰਲਡ ਵਾਈਡ ਵੈੱਬ**    ਅ. ਵਾਈਡ ਵਰਲਡ ਵੈੱਬ    ੲ. ਵਰਲਡ ਵੈੱਬ ਵਾਈਡ    ਸ. ਵੈੱਬ ਵਰਲਡ ਵਾਈਡ

8 .............. ਇੰਟਰਨੈੱਟ ਉੱਪਰ ਆਨਲਾਈਨ ਗੱਲਬਾਤ ਕਰਨਾ ਹੁੰਦਾ ਹੈ।

ੳ. ਈ-ਕਾਮਰਸ    ਅ. ਵਰਲਡ ਵਾਈਡ ਵੈੱਬ    **ੲ. ਚੈਟਿੰਗ**    ਸ. ਇਹਨਾਂ ਵਿੱਚੋਂ ਕੋਈ ਨਹੀਂ

9. ਮੇਲ ਭੇਜਣ ਦਾ ਸਭ ਤੋਂ ਤੇਜ਼ ਤਰੀਕਾ .............. ਹੁੰਦਾ ਹੈ।

ੳ. ਟੈਲੀਗ੍ਰਾਮ    ਅ. ISP    ੲ. ਚਿੱਠੀਆਂ    **ਸ. ਈ-ਮੇਲ**

10 ............... ਇੱਕ ਡਿਵਾਈਸ ਹੈ ਜੋ ਕੰਪਿਊਟਰ ਨੂੰ ਟੈਲੀਫੋਨ ਲਾਈਨ ਨਾਲ ਜੋੜਦਾ ਹੈ।

**ੳ. ਮਾਡਮ**    ਅ. ਮਾਊਸ    ੲ. ਟੈਲੀਫੋਨ ਤਾਰ    ਸ. ਮੋਬਾਇਲ

11........................ਤੋਂ ਭਾਵ ਹੈ ਸਾਡਾ ਕੰਪਿਊਟਰ ਇੰਟਰਨੈੱਟ ਤੋਂ ਡਾਟਾ ਪ੍ਰਾਪਤ ਕਰ ਰਿਹਾ ਹੈ।

ੳ.ਅਪਲੋਡਿੰਗ    **ਅ. ਡਾਊਨਲੋਡਿੰਗ**    ੲ.ਸਰਫਿੰਗ    ਸ. ਇਹਨਾਂ ਵਿਚੋਂ ਕੋਈ ਨਹੀਂ

12. ਵੈੱਬ ਸਾਈਟਾਂ ਨੂੰ ਖੋਲਣ ਸਮੇਂ ਉਸ ਵੈਬਸਾਈਟ ਦਾ ਜੋ ਸਭ ਤੋਂ ਪਹਿਲਾ ਵੈਬ ਪੇਜ਼ ਖੁੱਲਦਾ ਹੈ, ਉਸਨੂੰ...........ਕਿਹਾ ਜਾਂਦਾ ਹੈ।

**ੳ.ਹੋਮ ਪੇਜ਼** ਅ.ਵੈਬ ਪੇਜ਼ ੲ.ਮੇਨ ਪੇਜ਼ ਸ.ਇਹਨਾਂ ਵਿਚੋਂ ਕੋਈ ਨਹੀਂ

13...............................ਦਾ ਅਰਥ ਹੈ ਇੰਟਰਨੈੱਟ ਨਾਲ ਜੁੜੇ ਹੋਣਾ।

ੳ. ਆਫਲਾਈਨ **ਅ. ਆਨਲਾਈਨ** ੲ.ਇਨਲਾਈਨ ਸ.ਇਹਨਾਂ ਵਿਚੋਂ ਕੋਈ ਨਹੀਂ

14....................ਤੋਂ ਭਾਵ ਹੈ ਇੰਟਰਨੈੱਟ ਉੱਤੇ ਆਪਣੇ ਮਨਪਸੰਦ ਵਿਸ਼ੇ ਨੂੰ ਲੱਭਦੇ ਹੋਏ ਇੱਕ ਵੈਬ ਪੇਜ਼ ਤੋਂ ਦੂਜੇ ਵੈਬ ਪੇਜ਼ ਤੇ ਜਾਂ ਇੱਕ ਵੈਬ ਸਾਈਟ ਤੋਂ ਦੂਜੀ ਵੈਬ ਸਾਈਟ ਤੇ ਜਾਣਾ।

ੳ. ਵੈਬ ਸਰਚਿੰਗ ਅ. ਡਾਊਨਲੋਡਿੰਗ **ੲ.ਵੈਬ ਸਰਫਿੰਗ** ਸ. ਉਪਰੋਕਤ ਸਾਰੇ

15. ...............................ਇਲੈਕਟ੍ਰਾਨਿਕ ਕਾਮਰਸ (commerce) ਜਾਂ ਵਪਾਰ ਕਰਨ ਦਾ ਇੱਕ ਤਰੀਕਾ ਹੈ ਜੋ ਕਿ ਯੂਜ਼ਰ ਨੂੰ ਇੰਟਰਨੈੱਟ ਤੇ ਵੇਬ ਬ੍ਰਾਊਜ਼ਰ ਦੀ ਵਰਤੋਂ ਕਰਦੇ ਹੋਏ ਚੀਜਾਂ ਜਾਂ ਸੇਵਾਵਾਂ ਖਰੀਦਣ ਦੀ ਸੁਵਿਧਾ ਪ੍ਰਦਾਨ ਕਰਦਾ ਹੈ।

ੳ. ਨੈੱਟ ਬੈਂਕਿੰਗ ਅ. ਈ-ਮੇਲ **ੲ.ਆਨਲਾਈਨ ਸ਼ਾਪਿੰਗ** ਸ. ਮੋਬਾਈਲ

16........................ਇੱਕ ਪ੍ਰੈਜ਼ਨਟੇਸ਼ਨ ਗ੍ਰਾਫਿਕਸ ਸਾਫਟਵੇਅਰ ਹੈ।

**ੳ. ਪਾਵਰਪੁਆਇੰਟ** ਅ. ਵਰਡ ੲ. ਐਕਸਲ ਸ. ਪੇਂਟ

17. ........... ਕਿਸੇ ਵਿਸ਼ੇ ਨੂੰ ਰੋਚਕ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਪ੍ਰਕ੍ਰਿਆ ਹੈ।

ੳ. ਵਰਡ ਪ੍ਰੋਸੈਸਰ ਅ. ਸਲਾਇਡ **ੲ. ਪ੍ਰੈਜ਼ਨਟੇਸ਼ਨ** ਸ. ਟ੍ਰਾਂਜੀਸ਼ਨ

18.ਇੱਕ...................ਪ੍ਰੈਜ਼ਨਟੇਸ਼ਨ ਦਾ ਇੱਕ ਪੇਜ਼ ਹੁੰਦਾ ਹੈ।

**ੳ. ਸਲਾਇਡ** ਅ. ਡਾਕੂਮੈਂਟ ੲ. ਸ਼ੀਟ ਸ.ਇਹਨਾਂ ਵਿਚੋਂ ਕੋਈ ਨਹੀਂ

19....................ਸਾਡੀ ਪ੍ਰੈਜ਼ਨਟੇਸ਼ਨ ਵਿੱਚ ਮੌਜੂਦਾ ਸਲਾਇਡ ਨੂੰ ਦਰਸਾਉਂਦਾ ਹੈ।

ੳ. ਆਊਟਲਾਈਨ ਪੇਨ ਅ. ਕਨਟੈਂਟ ਪੇਨ ੲ.ਰਿਬਨ **ਸ. ਸਲਾਇਡ ਪੇਨ**

20.................ਸਲਾਇਡ ਉੱਪਰ ਵੱਖ-ਵੱਖ ਤੱਤਾਂ ਦੇ ਡਿਜ਼ਾਇਨ ਅਤੇ ਪਲੇਸਮੈਂਟ ਨੂੰ ਪ੍ਰਭਾਸ਼ਿਤ ਕਰਦਾ ਹੈ।

ੳ. ਬੈਕਗ੍ਰਾਊਂਡ ਸਟਾਈਲ ਅ. ਪਲੇਸਹੋਲਡਰਜ਼ **ੲ. ਸਲਾਇਡ ਲੇਆਉਟ** ਸ. ਪੈਟਰਨ

21. ਇੱਕ........... ਦੋ ਜਾਂ ਦੋ ਤੋਂ ਵਧੇਰੇ ਰੰਗਾਂ ਦਾ ਮਿਸ਼ਰਨ ਹੁੰਦਾ ਹੈ ਜੋ ਇੱਕ ਦੂਜੇ ਵਿੱਚ ਮਰਜ ਹੋ ਜਾਂਦੇ ਹਨ।

ੳ. ਥੀਮ ਅ. ਪੈਟਰਨ ੲ. ਬੈਕਗ੍ਰਾਊਂਡ ਸਟਾਈਲ **ਸ. ਗਰੇਡੀਐਂਟ**

22. .................... ਡਿਫਾਲਟ (default) ਵਿਊ ਹੈ ਜਿਥੇ ਅਸੀਂ ਆਪਣੀਆਂ ਸਲਾਈਡਾਂ ਬਣਾਉਂਦੇ, ਐਡਿਟ ਕਰਦੇ ਅਤੇ ਡਿਜ਼ਾਈਨ ਕਰਦੇ ਹਾਂ ।

**ੳ. ਨਾਰਮਲ ਵਿਊ** ਅ. ਸਲਾਇਡ ਸ਼ੋਅ ੲ. ਸਲਾਇਡ ਸ਼ਾਰਟਰ ਵਿਊ ਸ. ਰੀਡਿੰਗ ਵਿਊ

23. PowerPoint 2010 ਵਿੱਚ ............... ਡਿਫਾਲਟ ਸਲਾਇਡ ਬੈਕਗਾਉਂਡ ਸਟਾਈਲਜ਼ ਉਪਲਬਧ ਹਨ।

ੳ. 48 ਅ. 4 **ੲ.12** ਸ. 3

24.....................ਕੰਟਰੋਲ ਸਲਾਇਡ ਕੰਟੈਂਟਸ ਨੂੰ ਨੇੜੇ ਤੋਂ ਦੇਖਣ (closer look) ਲਈ ਸਾਨੂੰ ਜ਼ੂਮ-ਇਨ (Zoom in) ਕਰਨ ਦੀ ਆਗਿਆ ਦਿੰਦਾ ਹੈ।

**ੳ. ਜ਼ੂਮ** ਅ. ਸਲਾਇਡ ੲ. ਨਾਰਮਲ ਵਿਊ ਸ. ਗਰੇਡੀਐਂਟ

25. ________________________ਇੱਕ ਵਿਜ਼ੂਅਲ ਅਤੇ ਮੋਸ਼ਨ (ਗਤੀ) ਪ੍ਰਭਾਵ ਹੁੰਦੇ ਹਨ ਜੋ ਉਸ ਸਮੇਂ ਦਿਖਾਈ ਦਿੰਦੇ ਹਨ ਜਦੋਂ ਅਸੀਂ ਪ੍ਰੈਜ਼ਨਟੇਸ਼ਨ ਦੇ ਸਲਾਇਡ ਸ਼ੋਅ ਦੌਰਾਨ ਇੱਕ ਸਲਾਇਡ ਤੋਂ ਅਗਲੀ ਸਲਾਇਡ ਤੇ ਜਾਂਦੇ ਹਾਂ।

**ੳ. ਸਲਾਇਡ ਟ੍ਰਾਂਜ਼ੀਸ਼ਨ** ਅ. ਐਨੀਮੇਸ਼ਨ ੲ. ਐਨੀਮੇਸ਼ਨ ਸਕੀਮ ਸ. ਸਲਾਇਡ ਸ਼ੋਅ

26. ਪਾਵਰਪੁਆਇੰਟ _________________________ਕਿਸਮਾਂ ਦੀ ਐਨੀਮੇਸ਼ਨ ਪ੍ਰਦਾਨ ਕਰਦਾ ਹੈ।

ੳ. ਦੋ ਅ. ਤਿੰਨ **ੲ. ਚਾਰ** ਸ. ਪੰਜ

27. ਪਵਾਰਪੁਆਇੰਟ ਪਹਿਲਾਂ ਤੋਂ ਪਰਿਭਾਸ਼ਿਤ ਐਨੀਮੇਸ਼ਨ ਇਫੈਕਟਸ ਦਾ ਸਮੂਹ ਪ੍ਰਦਾਨ ਕਰਦਾ ਹੈ,ਜਿਹਨਾਂ ਨੂੰ _______________ਕਿਹਾ ਜਾਂਦਾ ਹੈ।

ੳ. ਸਲਾਇਡ ਟ੍ਰਾਂਜ਼ੀਸ਼ਨ ਅ. ਐਨੀਮੇਸ਼ਨ **ੲ. ਐਨੀਮੇਸ਼ਨ ਸਕੀਮ** ਸ. ਸਲਾਇਡ ਸ਼ੋਅ

28. PDF ਦਾ ਪੂਰਾ ਨਾਂ ______________________ ਹੈ।

ੳ) ਪੋਰਟੇਬਲ ਡਾਟਾ ਫਾਰਮੇਟ ਅ) ਪੋਰਟੇਬਲ ਡਾਕੂਮੈਂਟ ਫਾਰਮ ੲ) ਪੋਰਟੇਬਲ ਡਾਟਾ ਫਾਰਮ **ਸ) ਪੋਰਟੇਬਲ ਡਾਕੂਮੈਂਟ ਫਾਰਮੇਟ**

29. ਅਸੀਂ ਪਾਵਰਪੁਆਇੰਟ ਪ੍ਰੈਜ਼ਨਟੇਸ਼ਨ ਨੂੰ ਪਾਵਰਪੁਆਇੰਟ ਸ਼ੋਅ ਵੱਜੋਂ ________ ਐਕਸਟੈਂਸ਼ਨ ਨਾਲ ਸੇਵ ਕਰ ਸਕਦੇ ਹਾਂ।

**ੳ) .ppsx** ਅ) .ppt ੲ) .pptx ਸ) .pdf

30. ਦੂਜੀ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ________________ ਨੂੰ ਮੁੱਢਲੇ ਪ੍ਰੋਸੈਸਿੰਗ ਭਾਗਾਂ ਵੱਜੋਂ ਵਰਤਿਆ ਗਿਆ।

ੳ. ਵੈਕਿਉਮ ਟਿਊਬਾਂ ਅ. VLSI ਸਰਕਟਸ ੲ. ULSI ਸਰਕਟਸ **ਸ. ਟ੍ਰਾਂਜੀਸਟਰਜ਼**

31. ਕੰਪਿਊਟਰਾਂ ਦੀ __________________ ਜੈਨਰੇਸ਼ਨ VLSI ਸਰਕਟਾਂ ਦੀ ਵਰਤੋਂ ਕਰਦੀ ਹੈ।

ੳ. ਪਿਹਲੀ ਅ. ਦੂਜੀ ੲ. ਤੀਜੀ **ਸ. ਚੌਥੀ**

32. ਤੀਜੀ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ਟ੍ਰਾਂਜੀਸਟਰਾਂ ਦੀ ਜਗ੍ਹਾ ______________ ਵਰਤੇ ਜਾਂਦੇ ਸਨ।

**ੳ. ਇੰਟੀਗ੍ਰੇਟਿਡ ਸਰਕਟਸ** ਅ. ਵੈਕਿਉਮ ਟਿਊਬਾਂ ੲ ULSI ਸਰਕਟਸ ਸ. VLSI ਸਰਕਟਸ

33. ________ ਕੰਪਿਊਟਰ ਸਾਇੰਸ ਦੀ ਇੱਕ ਨਵੀਂ ਬ੍ਰਾਂਚ ਹੈ ਜੋ ਕਿ ਕੰਪਿਊਟਰ ਨੂੰ ਮਨੁੱਖਾਂ ਵਾਂਗ ਸੋਚਣ ਅਤੇ ਕੰਮ ਕਰਨ ਦੇ ਸਮਰੱਥ ਬਣਾਉਂਦੀ ਹੈ।

ੳ. ਰੋਬੋਟਿਕਸ ਅ. ULSI ਸਰਕਟਸ **ੲ. AI (ਆਰਟੀਫਿਸ਼ੀਅਲ ਇੰਟੈਲੀਜੈਂਸ)** ਸ. ਇੰਟੀਗ੍ਰੇਟਿਡ ਸਰਕਟਸ

34. ULSI ਟੈਕਨੋਲੋਜੀ ਦੀ ਵਰਤੋਂ ________________ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ਕੀਤੀ ਜਾਂਦੀ ਹੈ।

ੳ. ਦੂਜੀ ਅ. ਤੀਜੀ ੲ. ਚੌਥੀ **ਸ. ਪੰਜਵੀਂ**

35 ……… ਬਿੱਟ ਦੇ ਸਮੂਹ ਨੂੰ ਬਾਈਟ ਕਿਹਾ ਜਾਂਦਾ ਹੈ।

**ੳ 8** ਅ 16 ੲ 32 ਸ 64

36 ਇੱਕ ਬਿੱਟ ਜਾਂ ਬਾਈਨਰੀ ਡਿਜਿਟ ਨੂੰ ਲੌਜੀਕਲ …… ਅਤੇ …… ਨਾਲ ਪ੍ਰਦਰਸ਼ਿਤ ਕੀਤਾ ਜਾਂਦਾ ਹੈ।

**ੳ 0,1** ਅ 0,0 ੲ 1,2 ਸ 1,1

37 ਰੈਮ ਦਾ ਅਰਥ ਹੈ ……………………

ੳ ਰੀਡ ਐਕਸੈਸ ਮੈਮਰੀ **ਅ ਰੈਂਡਮ ਐਕਸੈਸ ਮੈਮਰੀ** ੲ ਉਪਰੋਕਤ ਦੋਵੇਂ ਸ ਇਹਨਾਂ ਵਿਚੋਂ ਕੋਈ ਨਹੀਂ

38 ਰੋਮ ਦਾ ਅਰਥ ਹੈ ……………………

**ੳ ਰੀਡ ਓਨਲੀ ਮੈਮਰੀ** ਅ ਰੈਂਡਮ ਓਨਲੀ ਮੈਮਰੀ ੲ ਰੀਡ ਓਪਨ ਮੈਮਰੀ ਸ ਇਹਨਾਂ ਵਿਚੋਂ ਕੋਈ ਨਹੀਂ

39 ਡਿਸਕ ਦਾ ਹਰੇਕ ਟਰੈਕ ਛੋਟੇ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ, ਜਿੰਨਾਂ ਨੂੰ ……………………ਵਜੋਂ ਜਾਣਿਆ ਜਾਂਦਾ ਹੈ।

**ੳ ਸੈਕਟਰਜ਼** ਅ ਖੇਤਰ ੲ ਸੈਲ ਸ ਟੇਪ

## ਖਾਲੀ ਥਾਵਾਂ:

1. ਇੱਕ ਜਾਂ ਇੱਕ ਤੋਂ ਜਿਆਦਾ ਵੈਬ ਪੇਜ਼ਾਂ ਦੇ ਸਮੂਹ ਨੂੰ **ਵੈਬਸਾਈਟ** ਕਿਹਾ ਜਾਂਦਾ ਹੈ।

2. **ਆਫਲਾਈਨ** ਦਾ ਮਤਲਬ ਹੈ ਇੰਟਰਨੈਟ ਨਾਲ ਜੁੜੇ ਨਾ ਹੋਣਾ।

3. **ਸੂਚਨਾ** ਤਕਨਾਲੋਜੀ ਸਾਨੂੰ ਗਿਆਨ ਅਤੇ ਜਾਣਕਾਰੀ ਇਕੱਠੀ ਕਰਨ ਲਈ ਸੰਚਾਰ ਦੇ ਨਵੇਂ ਟੂਲ ਪ੍ਰਦਾਨ ਕਰਵਾ ਰਹੀ ਹੈ।

4. ਨੈੱਟ ਬੈਂਕਿੰਗ ਦੀ ਸਹੂਲਤ ਪ੍ਰਦਾਨ ਕਰਨ ਵਾਲੇ ਬੈਂਕਾਂ ਨੂੰ **ਵੈਬ ਬੈਂਕ** ਵੀ ਕਿਹਾ ਜਾਂਦਾ ਹੈ।

5. ਅਸੀਂ **ਆਨਲਾਈਨ ਸ਼ਾਪਿੰਗ** ਦੀ ਵਰਤੋਂ ਕਰਕੇ ਘਰ ਤੋਂ ਸਾਮਾਨ ਖਰੀਦ ਸਕਦੇ ਹਾਂ।

6. **ਟ੍ਰਾਂਜ਼ੀਸ਼ਨ** ਟੈਬ ਦੀ ਵਰਤੋਂ ਕਰਕੇ ਅਸੀਂ ਟ੍ਰਾਂਜ਼ੀਸ਼ਨ ਇਫੈਕਟ ਲਾਗੂ ਕਰ ਸਕਦੇ ਹਾਂ।

7. **ਡਿਊਰੇਸ਼ਨ** ਆਪਸ਼ਨ ਸਾਨੂੰ ਟ੍ਰਾਂਜ਼ੀਸ਼ਨ ਇਫੈਕਟ ਦੀ ਸਮਾਂ-ਅਵਧੀ ਨੂੰ ਘਟਾਉਣ ਜਾਂ ਵਧਾਉਣ ਦੀ ਸਹੂਲਤ ਪ੍ਰਦਾਨ ਕਰਦੀ ਹੈ।

8. **ਐਨੀਮੇਸ਼ਨ ਪੇਂਟਰ** ਆਪਸ਼ਨ ਐਨੀਮੇਸ਼ਨ ਇਫੈਕਟਸ ਨੂੰ ਕਾਪੀ ਕਰਨ ਲਈ ਵਰਤਿਆ ਜਾਂਦਾ ਹੈ।
9. ਪ੍ਰੈਜ਼ਨਟੇਸ਼ਨ ਫਾਈਲ ਨੂੰ ਦੂਜੇ ਫਾਰਮਟ ਵਿੱਚ ਸੇਵ ਕਰਨ ਲਈ ਸਾਨੂੰ **ਸੇਵ ਐਸ** ਆਪਸ਼ਨ ਦੀ ਵਰਤੋਂ ਕਰਨੀ ਪਵੇਗੀ।

# ਪੂਰੇ ਰੂਪ:

| | | | |
|---|---|---|---|
| WWW | ਵਰਲਡ ਵਾਈਡ ਵੈਬ | PROM | ਪ੍ਰੋਗਰਾਮਏਬਲ ਰੀਡ ਓਨਲੀ ਮੈਮਰੀ |
| Email | ਇਲੈਕਟ੍ਰੋਨਿੱਕ ਮੇਲ | ENIAC | ਇਲੈਕਟ੍ਰਾਨਿਕ ਨੁਮੈਰੀਕਲ ਇੰਟੈਗਰੇਟਿਡ ਐਡ ਕੰਪਿਊਟਰ |
| MODEM | ਮਾਡੂਲੇਟਰ ਡੀਮਾਡੂਲੇਟਰ | IBM | ਇੰਟਰਨੈਸ਼ਨਲ ਬਿਜਨਿਸ ਮਸ਼ੀਨ |
| ARPANET | ਐਡਵਾਂਸਡ ਰੀਸਰਚ ਪ੍ਰੋਜੈਕਟ ਐਜੰਸੀ ਨੈਟਵਰਕ | IC | ਇੰਟੈਗਰੇਟਿਡ ਸਰਕਟ |
| ISDN | ਇੰਟੀਗ੍ਰੇਟਿਡ ਸਰਵੀਸਿਜ਼ ਡਿਜ਼ੀਟਲ ਨੈਟਵਰਕ | ULSI | ਅਲਟਰਾ ਲਾਰਜ ਸਕੇਲ ਇੰਟੈਗਰੇਸ਼ਨ |
| DSL | ਡੀਜ਼ੀਟਲ ਸਬਸਕ੍ਰਾਈਬਰ ਲਾਈਨ | MB | ਮੈਗਾ ਬਾਈਟ |
| VLSI | ਵੈਰੀ ਲਾਰਜ ਸਕੇਲ ਇੰਟੈਗਰੇਸ਼ਨ | SRAM | ਸਟੈਟਿਕ ਰੈਂਡਮ ਅਕਸੈਂਸ ਮੈਮਰੀ |
| AI | ਆਰਟੀਫੀਸ਼ਲ ਇੰਟੈਲੀਜੈਂਸ | IR | ਇਨਸਟਰਕਸ਼ਨ ਰਜਿਸਟਰ |
| GB | ਗੀਗਾ ਬਾਈਟ | | |

# ਸਹੀ/ਗਲਤ

1. ਟਾਈਪਿੰਗ ਕਰਨ ਲਈ ਕੀਅਬੋਰਡ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ- ਇੱਕ ਖੱਬੇ ਹੱਥ ਲਈ ਅਤੇ ਇੱਕ ਸੱਜੇ ਹੱਥ ਲਈ । **ਸਹੀ**

2. ਟੱਚ ਟਾਈਪਿੰਗ ਇੱਕ ਅਜਿਹੀ ਤਕਨੀਕ ਹੈ ਜਿਸ ਰਾਹੀਂ ਅਸੀਂ ਕੀਅ-ਬੋਰਡ ਨੂੰ ਦੇਖਦੇ ਹੋਏ ਤੇਜ਼ ਰਫ਼ਤਾਰ ਨਾਲ ਟਾਈਪਿੰਗ ਕਰਨੀ ਸਿਖਦੇ ਹਾਂ। **ਗਲਤ**

3. ਅਨਮੋਲ ਲਿੱਪੀ ਫੌਂਟ ਸਾਨੂੰ ਪੰਜਾਬੀ ਵਿੱਚ ਟਾਈਪ ਕਰਨ ਵਿੱਚ ਮੱਦਦ ਕਰਦਾ ਹੈ। **ਸਹੀ**

4. ਸਪੇਸਬਾਰ ਕੀਅ ਦਬਾਉਣ ਲਈ ਅਸੀਂ ਛੋਟੀ ਉਂਗਲ ਦੀ ਵਰਤੋਂ ਕਰਦੇ ਹਾਂ। **ਗਲਤ**

5. Shift ਕੀਅ ਦੀ ਵਰਤੋਂ ਅਗਲੀ ਲਾਈਨ ਤੇ ਜਾਣ ਲਈ ਕੀਤੀ ਜਾਂਦੀ ਹੈ। **ਗਲਤ**

6. ਕਿਸੇ ਵੀ ਬੋਰਡ ਜਾਂ ਯੂਨੀਵਰਸਿਟੀ ਦਾ ਰਿਜ਼ਲਟ ਆਨਲਾਈਨ ਦੇਖਿਆ ਜਾ ਸਕਦਾ ਹੈ। **ਸਹੀ**

7. ਆਫਲਾਈਨ ਦਾ ਅਰਥ ਹੈ, ਇੰਟਰਨੈੱਟ ਨਾਲ ਜੁੜੇ ਹੋਣਾ। **ਗਲਤ**

8. ਵੈਬਸਾਈਟ ਵਿੱਚ ਕੇਵਲ ਇੱਕ ਹੀ ਵੈਬ ਪੇਜ਼ ਹੁੰਦਾ ਹੈ। **ਗਲਤ**

9. ਵੈਬ ਸਰਚ ਵੈਬ ਪੇਜਾਂ ਨੂੰ ਲੱਭਣ ਦੀ ਇੱਕ ਪ੍ਰਕਿਰਿਆ ਹੈ। **ਸਹੀ**

10. ਹਰ ਵੈੱਬ ਸਾਈਟ ਦਾ ਆਪਣਾ ਇੱਕ ਵਿਲੱਖਣ ਵੈਬ ਐਡਰੈਸ ਹੁੰਦਾ ਹੈ। **ਸਹੀ**

# ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ/ਸ਼ਾਰਟਕੱਟ ਕੀਅਜ਼:

1. ਤੁਸੀਂ ਪਾਵਰਪੁਆਇੰਟ ਨੂੰ ਕਿਵੇਂ ਓਪਨ ਕਰੋਗੇ।

**ਉਤਰ : Start ⟶ All Programs ⟶ Microsoft Office ⟶ Microsoft PowerPoint 2010**

2. ਪਾਵਰਪੁਆਇੰਟ ਵਿੱਚ ਪ੍ਰੈਜ਼ਨਟੇਸ਼ਨ ਨੂੰ ਸੇਵ (Save) ਕਰਨ ਦੀ ਸ਼ਾਰਟਕੱਟ ਕੀਅ ਲਿਖੋ।

**ਉਤਰ : Ctrl + S**

3. ਪਾਵਰਪੁਆਇੰਟ ਨੂੰ ਬੰਦ (Close) ਕਰਨ ਦੀ ਸ਼ਾਰਟਕੱਟ ਕੀਅ ਲਿਖੋ।

**ਉਤਰ : Alt+F4**

4. ਪਹਿਲੀ ਸਲਾਇਡ ਤੋਂ ਸਲਾਇਡ ਸ਼ੋਅ ਸ਼ਟਾਰਟ ਕਰਨ ਦੀ ਸ਼ਾਰਟਕੱਟ ਕੀਅ ਲਿਖੋ।

**ਉਤਰ : F5**

5. ਪਾਵਰਪੁਆਇੰਟ ਵਿੱਚ ਪ੍ਰੈਜ਼ਨਟੇਸ਼ਨ ਫਾਈਲ ਦੀ ਐਕਸਟੈਂਸ਼ਨ (extension) ਲਿਖੋ।

**ਉਤਰ : .pptx**

6. RUN ਬਾਕਸ ਨਾਲ ਪਾਵਰਪੁਆਇੰਟ ਓਪਨ ਕਰਨ ਲਈ ਕਿਹੜੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ?
**ਉਤਰ : Powerpnt**

7. ਇੱਕ ਨਵੀਂ ਸਲਾਇਡ ਦਾਖਲ ਕਰਨ ਦੀ ਸ਼ਾਰਟਕੱਟ ਕੀਅ ਲਿਖੋ।

ਉਤਰ : **Ctrl + M**

8. ਇੱਕ ਨਵੀਂ ਪ੍ਰੈਜ਼ਨਟੇਸ਼ਨ ਫਾਈਲ ਬਨਾਉਣ ਦੀ ਸ਼ਾਰਟਕੱਟ ਕੀਅ ਲਿਖੋ।

ਉਤਰ : **Ctrl + N**

9. ਸਲਾਇਡਜ਼ ਉੱਪਰ ਟੈਕਸਟ ਨੂੰ ਫਾਰਮੈਟ ਕਰਨ ਲਈ ਕਿਹੜੇ ਟੈਬ ਦੀ ਵਰਤੋਂ ਕੀਤੀ ਜਾਂਦੀ ਹੈ ?

ਉਤਰ : **ਹੋਮ ਟੈਬ**

10. ਕਿਹੜਾ ਪਾਵਰਪੁਆਇੰਟ ਵਿਊ ਦਰਸ਼ਕਾਂ ਅੱਗੇ ਪ੍ਰੈਜ਼ਨਟੇਸ਼ਨ ਪੇਸ਼ ਕਰਨ ਲਈ ਵਰਤਿਆ ਜਾਂਦਾ ਹੈ ?

ਉਤਰ : **ਸਲਾਇਡ ਸ਼ੋਅ**

11. ਪਾਵਰਪੁਆਇੰਟ ਵਿੱਚ ਕਿਹੜੀ ਬਾਰ ਵਿੱਚ ਵਿਊ ਬਟਨਜ਼ ਅਤੇ ਜ਼ੂਮ ਸਲਾਇਡਰ ਮੌਜੂਦ ਹੁੰਦੇ ਹਨ ?

ਉਤਰ : **ਸਟੇਟਸ ਬਾਰ**

## 4 ਅੰਕਾਂ ਵਾਲੇ ਪ੍ਰਸ਼ਨ:

**1.ਟੱਚ ਟਾਈਪਿੰਗ ਕੀ ਹੈ ?**

ਉ. ਟੱਚ ਟਾਈਪਿੰਗ ਇੱਕ ਅਜਿਹੀ ਤਕਨੀਕ ਹੈ ਜਿਸ ਰਾਹੀਂ ਅਸੀਂ ਕੀਅ-ਬੋਰਡ ਨੂੰ ਬਿਨ੍ਹਾ ਦੇਖਦੇ ਹੋਏ ਤੇਜ਼ ਰਫ਼ਤਾਰ ਨਾਲ ਟਾਈਪਿੰਗ ਕਰਨੀ ਸਿਖਦੇ ਹਾਂ।

**2. ਪੰਜਾਬੀ ਵਿੱਚ ਟਾਈਪ ਕਰਨ ਲਈ ਕਿਹੜੇ ਵੱਖ-ਵੱਖ ਕਿਸਮਾਂ ਦੇ ਫੌਂਟਸ ਦੀ ਵਰਤੋਂ ਕੀਤੀ ਜਾਂਦੀ ਹੈ।**

ਉ. ਪੰਜਾਬੀ ਵਿੱਚ ਟਾਈਪ ਕਰਨ ਲਈ ਹੇਠ ਲਿਖੇ ਵੱਖ-2 ਫੌਂਟਸ ਦੀ ਵਰਤੋਂ ਕੀਤੀ ਜਾਂਦੀ ਹੈ:

1. ਫੋਨਟਿੱਕ ਫੌਂਟ (ਅਨਮੋਲਲਿਪੀ)
2. ਯੂਨੀਕੋਡ ਫੌਂਟ (ਰਾਵੀ)

**3. ਪੰਜਾਬੀ ਭਾਸ਼ਾ ਵਿੱਚ ਟਾਇਪਿੰਗ ਕਿਵੇਂ ਕੀਤੀ ਜਾਂਦੀ ਹੈ ?**

ਉ.ਪੰਜਾਬੀ ਭਾਸ਼ਾ ਵਿੱਚ ਟਾਈਪਿੰਗ ਸ਼ੁਰੂ ਕਰਨ ਤੋਂ ਪਿਹਲਾਂ ਸਾਨੂੰ ਢੁੱਕਵੇਂ ਪੰਜਾਬੀ ਫੌਂਟ ਦੀ ਚੋਣ ਕਰਨੀ ਪੈਂਦੀ ਹੈ।ਬਹੁਤ ਸਾਰੇ ਅਜਿਹੇ ਫੌਂਟ ਮੌਜੂਦ ਹਨ ਜੋ ਕਿ ਪੰਜਾਬੀ ਵਿੱਚ ਟਾਈਪਿੰਗ ਕਰਨ ਲਈ ਵਰਤੇ ਜਾਂਦੇ ਹਨ।ਪੰਜਾਬੀ ਵਿੱਚ ਟਾਈਪਿੰਗ ਲਈ ਅਨਮੋਲਲਿਪੀ ਫੌਂਟ ਦੀ ਵਰਤੋਂ ਸਭ ਤੋਂ ਅਸਾਨ ਹੈ।

**4. ਪੰਜਾਬੀ ਭਾਸ਼ਾ ਵਿੱਚ ਟਾਈਪ ਕਰਨ ਲਈ ਕੋਈ ਤਿੰਨ ਫੌਂਟਸ ਦੇ ਨਾਮ ਲਿਖੋ।**

ਉ. 1. ਅਨਮੋਲਲਿਪੀ 2. ਰਾਵੀ 3. ਅਸੀਸ

**5. ਪਾਵਰਪੁਆਇੰਟ (PowerPoint) ਕੀ ਹੈ ?**

**ਉਤਰ :** ਪਾਵਰਪੁਆਇੰਟ ਬਹੁਤ ਹੀ ਆਸਾਨ ਵਰਤੋਂ ਵਾਲਾ ਪ੍ਰੈਜ਼ਨਟੇਸ਼ਨ ਗ੍ਰਾਫਿਕਸ ਸਾਫਟਵੇਅਰ ਹੈ। ਇਹ ਸਾਨੂੰ ਬਹੁਤ ਪ੍ਰਭਾਵਸ਼ਾਲੀ ਅਤੇ ਪ੍ਰੋਫੈਸ਼ਨਲ ਦਿਖਣ ਵਾਲੇ ਇਲੈਕਟ੍ਰਾਨਿਕ ਸਲਾਇਡ ਸ਼ੋਅ ਬਣਾਉਣ ਦੀ ਆਗਿਆ ਦਿੰਦਾ ਹੈ।

**6. ਪ੍ਰੈਜ਼ਨਟੇਸ਼ਨ (Presentation) ਉੱਪਰ ਨੋਟ ਲਿਖੋ।**

**ਉਤਰ :** ਪ੍ਰੈਜ਼ਨਟੇਸ਼ਨ ਕਿਸੇ ਵਿਸ਼ੇ ਨੂੰ ਰੋਚਕ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਪ੍ਰਕਿਰਿਆ ਹੈ। ਪ੍ਰੈਜ਼ਨਟੇਸ਼ਨ ਦਾ ਉਦੇਸ਼ ਤਸਵੀਰ, ਟੈਕਸਟ, ਗ੍ਰਾਫ, ਚਾਰਟ, ਐਨੀਮੇਸ਼ਨ ਆਦਿ ਦੀ ਵਰਤੋਂ ਕਰਦੇ ਹੋਏ ਵਿਸ਼ਾ-ਵਸਤੂ ਨੂੰ ਆਸਾਨੀ ਨਾਲ ਸਮਝਣਯੋਗ ਬਨਾਉਣਾ ਹੈ।

**7. ਸਲਾਇਡ (Slide) ਕੀ ਹੁੰਦੀ ਹੈ ?**

**ਉਤਰ :** ਇੱਕ ਸਲਾਇਡ ਪ੍ਰੈਜ਼ਨਟੇਸ਼ਨ ਦਾ ਇੱਕ ਪੇਜ਼ ਹੁੰਦਾ ਹੈ। ਇਹ 35 ਮਿਲੀਮੀਟਰ (mm) ਦੀ ਫਿਲਮ ਅਧਾਰਤ ਸਲਾਇਡ ਵਰਗੀ ਹੁੰਦੀ ਹੈ। ਸਲਾਇਡ ਨੂੰ ਪਾਵਰਪੁਆਇੰਟ ਵਿੱਚ ਵਰਕ-ਏਰੀਆ ਮੰਨਿਆ ਜਾ ਸਕਦਾ ਹੈ।

**8. ਪਾਵਰਪੁਆਇੰਟ ਵਿੰਡੋ ਦੇ ਮੁੱਖ ਭਾਗਾਂ ਦੇ ਨਾਂ ਲਿਖੋ।**

**ਉਤਰ :** 1.ਟਾਈਟਲ ਬਾਰ
2.ਕੁਇੱਕ ਐਕਸੈਸ ਟੂਲਬਾਰ
3.ਰਿਬਨ ਅਤੇ ਟੈਬਸ
4.ਆਊਟਲਾਈਨ/ਸਲਾਈਡ ਟੈਬਸ
5.ਸਲਾਈਡ ਪੈਨ
6.ਸਟੈਟਸ ਬਾਰ ਆਦਿ।

**9. ਤੁਸੀਂ ਪਾਵਰਪੁਆਇੰਟ ਵਿੱਚ ਦਰਸ਼ਕਾਂ ਲਈ ਪ੍ਰੈਜ਼ਨਟੇਸ਼ਨ ਨੂੰ ਕਿਵੇਂ ਪਲੇਅ (play) ਕਰੋਗੇ ?**

**ਉਤਰ :**ਪ੍ਰੈਜ਼ਨਟੇਸ਼ਨ ਨੂੰ **F5** ਸ਼ਾਰਟਕੱਟ ਕੀਅਜ਼ ਦੀ ਮਦਦ ਨਾਲ ਪਲੇਅ ਕਰ ਸਕਦੇ ਹਾਂ।

**10. ਪਾਵਰਪੁਆਇੰਟ ਵਿੱਚ ਸਲਾਇਡ ਪੇਨ (Slide Pane) ਅਤੇ ਨੋਟਸ ਪੇਨ (Notes Pane) ਸੰਬੰਧੀ ਜਾਣਕਾਰੀ ਦਿਓ।**

**ਉਤਰ : ਸਲਾਇਡ ਪੇਨ** :ਸਾਰੀ ਪ੍ਰੈਜ਼ਨਟੇਸ਼ਨ ਵਿੱਚ ਮੌਜੂਦਾ ਸਲਾਇਡ ( current slide) ਨੂੰ ਦਰਸਾਉਂਦਾ ਹੈ।
**ਨੋਟਸ ਪੇਨ:** ਇਹ ਪੇਨ ਸਲਾਇਡ ਪੇਨ ਦੇ ਨੀਚੇ ਮੌਜੂਦ ਹੁੰਦੀ ਹੈ। ਇਸ ਪੇਨ ਦੀ ਵਰਤੋਂ ਸਲਾਇਡ ਕੰਟੈਂਟਸ ਨਾਲ ਸੰਬੰਧਤ ਨੋਟਸ ਟਾਈਪ ਕਰਨ ਲਈ ਕੀਤੀ ਜਾਂਦੀ ਹੈ।

**11. ਸਲਾਈਡ ਟ੍ਰਾਂਜੀਸ਼ਨ ਕੀ ਹੁੰਦੀ ਹੈ?**

ਉੱਤਰ : ਸਲਾਈਡ ਸ਼ੋਅ ਵਿੱਚ ਇੱਕ ਤੋਂ ਬਾਅਦ ਦੂਜੀ ਸਲਾਈਡ ਆਪਣੇ ਆਪ ਦਿਖਾਈ ਦਿੰਦੀ ਹੈ। ਇਸ ਨੂੰ ਸਲਾਈਡ ਟ੍ਰਾਂਜੀਸ਼ਨ ਕਹਿੰਦੇ ਹਨ। ਪ੍ਰੈਜ਼ਨਟੇਸ਼ਨ ਵਿੱਚ ਸਲਾਇਡ ਟ੍ਰਾਂਜ਼ੀਸ਼ਨ ਲਾਗੂ ਕਰਨ ਲਈ ਟ੍ਰਾਂਜ਼ੀਸ਼ਨ ਟੈਬ ਦੀ ਵਰਤੋਂ ਕੀਤੀ ਜਾਂਦੀ ਹੈ।

**12. ਐਨੀਮੇਸ਼ਨ ਕੀ ਹੁੰਦੀ ਹੈ?**

ਉੱਤਰ : ਇਸ ਦੀ ਵਰਤੋਂ ਸਲਾਈਡ ਵਿਚਲੇ ਆਬਜੈਕਟਸ ਨੂੰ ਗਤੀਮਾਨ ਕਰਨ ਲਈ ਕੀਤੀ ਜਾਂਦੀ ਹੈ। ਇਸ ਦੀ ਮੱਦਦ ਨਾਲ ਅਸੀ ਸਪੈਸ਼ਲ ਇਫੈਕਟਸ ਲਗਾ ਸਕਦੇ ਹਾਂ। ਪਾਵਰ ਪੁਆਇੰਟ ਵਿੱਚ ਐਨੀਮੇਸ਼ਨ 4 ਪ੍ਰਕਾਰ ਦੀ ਹੁੰਦੀ ਹੈ।

**13. ਪਾਵਰ ਪੁਆਇੰਟ ਵਿੱਚ ਐਨੀਮੇਸ਼ਨ ਸਕੀਮਜ਼ ਕੀ ਹੁੰਦੀਆਂ ਹਨ?**

ਉੱਤਰ : ਪਾਵਰ ਪੁਆਇੰਟ ਵਿੱਚ ਪਹਿਲਾਂ ਤੋਂ ਨਿਰਧਾਰਤ ਐਨੀਮੇਸ਼ਨਜ਼ ਦਾ ਇੱਕ ਵੱਡਾ ਸੰਗ੍ਰਹਿ ਹੈ ਜਿਸ ਨੂੰ ਐਨੀਮੇਸ਼ਨ ਸਕੀਮਜ਼ ਵੀ ਕਿਹਾ ਜਾਂਦਾ ਹੈ।ਜਿੰਨਾ ਨੂੰ ਅਸੀਂ ਮਾਊਸ ਦੇ ਇੱਕੋ ਕਲਿੱਕ ਨਾਲ ਸਲਾਈਡ ਆਜੈਕਟ ਤੇ ਲਾਗੂਕਰ ਸਕਦੇ ਹਾਂ।

**14. ਤੁਸੀਂ ਪਾਵਰ ਪੁਆਇੰਟ ਵਿੱਚ ਐਨੀਮੇਸ਼ਨਜ਼ ਦਾ ਪ੍ਰੀਵਿਊ ਕਿਵੇਂ ਦੇਖੋਗੇ?**

ਉੱਤਰ : 1) ਐਨੀਮੇਸ਼ਨ ਪੇਨ ਵਿੱਚ ਪਲੇਅ ਬਟਨ ਦੇ ਕਲਿੱਕ ਕਰੋ।
2) ਮੌਜੂਦਾ ਸਲਾਈਡ ਦੇ ਸਾਰੇ ਇਫੈਕਟ ਇੱਕ ਤੋਂ ਬਾਅਦ ਇੱਕ ਚਲਦੇ ਦਿਖਾਈ ਦੇਣਗੇ।ਸੱਜੇ ਪਾਸੇ ਟਾਈਮ ਲਾਈਨ ਦਿਖਾਈ ਦੇਵੇਗੀ । ਜ਼ੋ ਕਿ ਇਫੈਕਟਸ ਦੀ ਪ੍ਰਗਤੀ ਨੂੰ ਦਰਸਾਉਂਦੀ ਹੈ।

**15. ਪਾਵਰ ਪੁਆਇੰਟ ਵਿੱਜ ਮੌਜੂਦ 4 ਕਿਸਮਾਂ ਦੀਆਂ ਐਨੀਮੇਸ਼ਨਜ਼ ਦੇ ਨਾਮ ਲਿਖੋ।**

ਉੱਤਰ : 1) ਇੰਟਰੈਂਸ 2) ਇੰਫੈਸਿਜ਼ 3) ਐਗਜ਼ਿਟ 4) ਮੋਸ਼ਨ ਪਾਥ

**16. ਪਹਿਲੀ ਜਨਰੇਸ਼ਨ ਤੇ ਕੰਪਿਊਟਰਾਂ ਦੀਆਂ ਵਿਸ਼ੇਸ਼ਤਾਂਵਾਂ ਲਿਖੋ।**

ਉੱਤਰ : ਪਹਿਲੀ ਜਨਰੇਸ਼ਨ ਤੇ ਕੰਪਿਊਟਰਾਂ ਦੀਆਂ ਵਿਸ਼ੇਸ਼ਤਾਂਵਾਂ

1. ਇਸ ਵਿੱਚ ਵੈਕਿਊਮ ਟਿਊਬਾਂ ਦੀ ਵਰਤੋਂ ਕੀਤੀ ਜਾਂਦੀ ਸੀ।
2. ਇਹਨਾ ਦਾ ਅਕਾਰ ਬਹੁਤ ਵੱਡਾ ਸੀ।
3. ਇਹ ਗਰਮੀ ਬਹੁਤ ਪੈਦਾ ਕਰਦੇ ਸਨ।
4. ਇਹ ਸਿਸਟਮ ਜਿਆਦਾ ਭਰੋਸੇ ਲਾਇਕ ਨਹੀ ਸਨ।
5. ਇਹ ਬਹੁਤ ਮਹਿੰਗੇ ਅਤੇ ਵਰਤਣੇ ਬਹੁਤ ਮੁਸ਼ਕਿਲ ਸਨ।

**17. ਦੂਜੀ ਜਨਰੇਸ਼ਨ ਦੇ ਕੰਪਿਊਟਰਾਂ ਵਿੱਚ ਕਿਹੜੀ ਟੈਕਨਾਲੋਜੀ ਦੀ ਵਰਤੋਂ ਕੀਤੀ ਜਾਂਦੀ ਸੀ ?**

ਉੱਤਰ : ਇਸ ਜਨਰੇਸ਼ਨ ਦੇ ਕੰਪਿਊਟਰਾਂ ਵਿੱਚ ਟ੍ਰਾਂਜਿਸਟਰਾਂ ਦੀ ਵਰਤੋਂ ਕੀਤੀ ਜਾਂਦੀ ਸੀ, ਜੋ ਕਿ ਪਹਿਲੀ ਜਨਰੇਸ਼ਨ ਨਾਲੋ ਘੱਟ ਗਰਮੀ ਪੈਦਾ ਕਰਦੇ ਸਨ।

**18. IC ਕੀ ਹੈ ?**

ਉੱਤਰ : ਇੱਕ ਆਈ ਸੀ ਵਿੱਚ ਹੀ ਕਈ ਟ੍ਰਾਂਜਿਸਟਰ, ਕਪੈਸਟਰ ਅਤੇ ਰਜਿਸਟਰ ਦੇ ਸਰਕਟ ਹੁੰਦੇ ਸਨ। ਇਸ ਦੀ ਖੋਜ ਜੈਕ ਕਿਬਲੀ ਦੁਆਰਾ ਕੀਤੀ ਗਈ ਸੀ।

**19. ਚੌਥੀ ਜਨਰੇਸ਼ਨ ਦੇ ਕੰਪਿਊਟਰਾਂ ਸਬੰਧੀ ਲਿਖੋ।**

ਉੱਤਰ : ਇਸ ਵਿੱਚ VLSI ਤਕਨਾਲੋਜੀ ਵਾਲੇ IC ਅਤੇ ਮਾਈਕਰੋ ਪ੍ਰੋਸੈਸਰਾਂ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਵਿੱਚ ਜਿਆਦਾ ਸਮਰੱਥਾਂ ਵਾਲੀਆਂ ਹਾਰਡ ਡਿਸਕਾਂ ਬਿਲਟ ਇੰਨ ਸੈਕੰਡਰੀ ਸਟੋਰੇਜ ਵਜੋਂ ਵਰਤੀਆਂ ਜਾਂਦੀਆਂ ਸਨ। ਇਹ ਮੇਨ ਫਰੇਮ ਅਤੇ ਸੁਪਰ ਕੰਪਿਊਟਰ ਸਨ।

**20. AI ਕੀ ਹੈ ? AI ਦੇ ਮਹੱਤਵਪੂਰਨ ਖੇਤਰਾਂ ਦੇ ਨਾਮ ਲਿਖੋ।**
ਉੱਤਰ : ਆਰਟੀਫੀਸ਼ਲ ਇੰਟੈਲੀਜੈਂਸੀ ਕੰਪਿਊਟਰ ਨੂੰ ਮਨੁੱਖ ਵਾਂਗ ਸੋਚਣ ਦੇ ਯੋਗ ਬਣਾਉਂਦੀ ਹੈ। AI ਦੇ ਮੁੱਖ ਖੇਤਰ ਹਨ:

1. ਰੋਬੋਟਿਕਸ
2. ਗੇਮ ਪਲੇਇੰਗ
3. ਅਜਿਹੇ ਸਿਸਟਮ ਦਾ ਨਿਰਮਾਣ ਕਰਨਾ ਜੋ ਅਸਲੀ ਜਿੰਦਗੀ ਦੇ ਹਲਾਤਾਂ ਅਨੁਸਾਰ ਫੈਸਲਾ ਕਰ ਸਕੇ।
4. ਆਮ ਮਨੁੱਖੀ ਭਾਸ਼ਾ ਸਮਝਣ ਅਤੇ ਬੋਲਣ ਵਾਲੇ ਸਿਸਟਮ ਬਣਾਉਣਾ।

**21 ਪਹਿਲੀ ਜਨਰੇਸ਼ਨ ਦੇ ਕੰਪਿਊਟਰਾਂ ਦੇ ਨਾਮ ਲਿਖੋ।**

ਉੱਤਰ : ENIAC, EDVAC, EDSAC, UNIVAC-1, IBM 701

**22. ਮੈਮਰੀ ਕੀ ਹੈ?**

ਉੱਤਰ : ਕੰਪਿਊਟਰ ਦੀ ਮੈਮਰੀ ਮਨੁੱਖ ਦੇ ਦਿਮਾਗ ਦੀ ਤਰ੍ਹਾਂ ਹੁੰਦੀ ਹੈ।ਮੈਮਰੀ ਉਹ ਥਾਂ ਹੁੰਦੀ ਹੈ ਜਿੱਥੇ ਕੰਪਿਊਟਰ ਡਾਟਾ ਅਤੇ ਹਦਾਇਤਾਂ ਸਟੋਰ ਕਰ ਕੇ ਰੱਖਦਾ ਹੈ।ਮੈਮਰੀ 2 ਪ੍ਰਕਾਰ ਦੀ ਹੁੰਦੀ ਹੈ।

**23. ਵੱਖ-ਵੱਖ ਕਿਸਮਾਂ ਦੀਆਂ ਮੈਮਰੀਜ ਦੇ ਨਾਮ ਲਿਖੋ।**

ਉੱਤਰ : ਮੈਮਰੀ ਮੁੱਖ ਤੌਰ ਦੇ ਦੋ ਤਰਾਂ ਦੀ ਹੁੰਦੀ ਹੈ।

1) ਅੰਦਰੂਨੀ ਮੈਮਰੀ 2) ਬਾਹਰੀ ਮੈਮਰੀ

**24. ਪ੍ਰਾਇਮਰੀ ਮੈਮਰੀ ਕੀ ਹੈ?**

ਉੱਤਰ : ਪ੍ਰਾਇਮਰੀ ਮੈਮਰੀ ਉਹ ਡਾਟਾ ਅਤੇ ਹਦਾਇਤਾਂ ਆਪਣੇ ਕੋਲ ਰੱਖਦੀ ਹੈ ਜਿੰਨਾਂ ਤੇ ਕੰਮ ਹੋ ਰਿਹਾ ਹੁੰਦਾ ਹੈ।ਇਸ ਦੀ ਸਮਰੱਥਾ ਘੱਟ ਹੁੰਦੀ ਹੈ।ਇਹ ਸੈਮੀ ਕੰਡਕਟਰ ਦੀ ਬਣੀ ਹੁੰਦੀ ਹੈ।ਪ੍ਰਾਇਮਰੀ ਮੈਮਰੀ 2 ਪ੍ਰਕਾਰ ਦੀ ਹੁੰਦੀ ਹੈ।

**25. ਰੋਮ ਦੀਆਂ ਵੱਖ-ਵੱਖ ਕਿਸਮਾਂ ਦੇ ਨਾਮ ਲਿਖੋ।**

ਉੱਤਰ : 1. MROM 2. PROM 3. EPROM 4. EEPROM

## 5 ਅੰਕਾਂ ਵਾਲੇ ਪ੍ਰਸ਼ਨ:

**1. ਮਾਡਮ (MODEM) ਕੀ ਹੈ ? ਇਸ ਦੀਆਂ ਕਿਸਮਾਂ ਅਤੇ ਰਫਤਾਰ ਸੰਬੰਧੀ ਜਾਣਕਾਰੀ ਦਿਓ।**

ਉ. ਮਾਡਮ ਇਕ ਅਜਿਹਾ ਯੰਤਰ ਹੈ ਜਿਸ ਦੁਆਰਾ ਕੰਪਿਊਟਰ ਟੈਲੀਫੋਨ ਜਾਂ ਕੇਬਲ ਦੀਆਂ ਲਾਇਨਾਂ ਦੁਆਰਾ ਡਾਟਾ ਦਾ ਸੰਚਾਰ ਕਰਦਾ ਹੈ । ਕੰਪਿਊਟਰ ਵਿੱਚ ਸੂਚਨਾ ਡਿਜੀਟਲ ਰੂਪ ਵਿੱਚ ਸਟੋਰ ਹੁੰਦੀ ਹੈ ਜਦੋਂ ਕਿ ਟੈਲੀਫੋਨ ਦੀਆਂ ਲਾਇਨਾਂ ਦੁਆਰਾ ਡਾਟਾ ਨੂੰ ਐਨਾਲਾਗ ਸਿਗਨਲ ਦੇ ਰੂਪ ਵਿੱਚ ਭੇਜਿਆ ਜਾਂਦਾ ਹੈ। ਮਾਡਮ ਐਨਾਲਾਗ ਸਿਗਨਲ ਨੂੰ ਡਿਜ਼ੀਟਲ ਸਿਗਨਲ ਵਿੱਚ ਅਤੇ ਡਿਜ਼ੀਟਲ ਨੂੰ ਐਨਾਲਾਗ ਸਿਗਨਲ ਵਿੱਚ ਤਬਦੀਲ ਕਰਦਾ ਹੈ।

**ਮਾਡਮ ਦੀਆਂ ਕਿਸਮਾਂ:** 1. ਅੰਦਰੂਨੀ ਮੋਡਮ 2. ਬਾਹਰੀ ਮੋਡਮ

**ਮਾਡਮ ਦੀ ਰਫਤਾਰ:** ਮਾਡਮ ਦੀ ਕਿਸਮ ਅਨੁਸਾਰ ਉਹਨਾਂ ਦੀ ਸਪੀਡ (ਰਫਤਾਰ) ਅਲੱਗ-ਅਲੱਗ ਹੁੰਦੀ ਹੈ। ਧੀਮੀ ਰਫਤਾਰ ਦੇ ਮਾਡਮ ਮੈਸੇਜ ਭੇਜਣ ਅਤੇ ਪ੍ਰਾਪਤ ਕਰਨ ਵਿੱਚ ਜਿਆਦਾ ਸਮਾਂ ਲਗਾਉਂਦੇ ਹਨ।ਇਸ ਲਈ ਸਿਰਫ ਤੇਜ ਰਫਤਾਰ ਵਾਲੇ ਹੀ ਮਾਡਮ ਵਰਤਣੇ ਚਾਹੀਦੇ ਹਨ।ਇੰਟਰਨੈਟ ਸਰਫਿੰਗ ਲਈ ਵਰਤੇ ਜਾਣ ਵਾਲੇ ਮਾਡਮ ਦੀ ਰਫਤਾਰ 56 Kbps ਤੋਂ ਘੱਟ ਨਹੀਂ ਹੋਣੀ ਚਾਹੀਦੀ।

**2.ਇੰਟਰਨੈੱਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਹੂਲਤਾਂ ਦਾ ਵਰਨਣ ਕਰੋ ।**

ਉ: ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੁੱਖ ਸਹੂਲਤਾਂ ਇਸ ਪ੍ਰਕਾਰ ਹਨ:

1. ਇੰਟਰਨੈਟ ਸਾਨੂੰ ਕਈ ਆਨ ਲਾਈਨ ਅਖਬਾਰਾਂ ਤੋਂ ਖਬਰਾਂ ਪੜਨ ਦੀ ਸੁਵਿਧਾ ਪ੍ਰਦਾਨ ਕਰਦਾ ਹੈ।
2. ਇੰਟਰਨੈਟ ਕਲਾ ਅਤੇ ਮਨੋਰੰਜਨ ਦਾ ਮੁੱਖ ਸਾਧਨ ਹੈ।
3. ਇੰਟਰਨੈਟ ਦੀ ਵਰਤੋਂ ਨਾਲ ਅਸੀਂ ਕਈ ਤਰ੍ਹਾਂ ਦੀਆਂ ਚੀਜਾਂ ਘਰ ਬੈਠੇ ਖਰੀਦ ਸਕਦੇ ਹਾਂ।
4. ਇੰਟਰਨੈਟ ਦੀ ਵਰਤੋਂ ਨਾਲ ਅਸੀਂ ਕਿਸੇ ਨੂੰ ਵੀ ਕੋਈ ਸੰਦੇਸ਼ ਸਕਿੰਟਾਂ ਵਿਚ ਭੇਜ/ਪ੍ਰਾਪਤ ਕਰ ਸਕਦੇ ਹਾਂ।
5. ਇੰਟਰਨੈਟ ਦੀ ਮਦਦ ਨਾਲ ਅਸੀਂ ਘਰ ਬੈਠੇ ਹੀ ਰੇਲਵੇ/ਹਵਾਈ ਜਹਾਜਾਂ ਦੀਆਂ ਟਿਕਟਾਂ ਬੁੱਕ ਕਰ ਸਕਦੇ ਹਾਂ।
6. ਇੰਟਰਨੈਟ ਨਾਲ ਅਸੀਂ ਚੈਟਿੰਗ ਵੀ ਕਰ ਸਕਦੇ ਹਾਂ।
7. ਇੰਟਰਨੈਟ ਸਾਨੂੰ ਵੀਡੀਓ ਕਾਨਫਰੈਂਸਿੰਗ ਦੀ ਸੁਵਿਧਾ ਵੀ ਪ੍ਰਦਾਨ ਕਰਦਾ ਹੈ।

**3. ਈ-ਮੇਲ ਕੀ ਹੈ ? ਈ-ਮੇਲ ਦੀ ਵਰਤੋਂ ਦੇ ਲਾਭ ਲਿਖੋ।**

ਉ. ਇਲੈਕਟ੍ਰਾਨਿਕ ਮੇਲ (ਈ-ਮੇਲ) ਇੰਟਰਨੈਟ ਦੀ ਇੱਕ ਬਹੁਤ ਹੀ ਪ੍ਰਸਿੱਧ ਇੰਟਰਨੈੱਟ ਦੀ ਵਿਸ਼ੇਸ਼ਤਾ ਹੈ। ਇਸ ਨਾਲ ਅਸੀਂ ਸੰਦੇਸ਼ ਭੇਜ ਅਤੇ ਪ੍ਰਾਪਤ ਕਰ ਸਕਦੇ ਹਾਂ। ਅਸੀਂ ਆਪਣੀ ਮੇਲ ਨਾਲ ਕੋਈ ਵੀ ਤਸਵੀਰ, ਵੀਡਿਓ ਅਤੇ ਆਵਾਜ਼ ਸੰਸਾਰ ਵਿੱਚ ਕਿਸੇ ਨੂੰ ਵੀ ਕਿਸੇ ਵੀ ਸਮੇਂ ਭੇਜ ਸਕਦੇ ਹਾਂ।

**ਈ-ਮੇਲ ਦੇ ਲਾਭ:**

**1.ਖਰਚ:** ਇੰਟਰਨੈੱਟ ਦੀ ਵਰਤੋਂ ਲਈ ਦਿੱਤੀ ਜਾਣ ਵਾਲੀ ਰਕਮ ਤੋਂ ਬਿਨਾਂ ਈ-ਮੇਲ ਦੀ ਵਰਤੋਂ ਲਈ ਹੋਰ ਕੁੱਝ ਵੀ ਵਾਧੂ ਖਰਚ ਨਹੀਂ ਹੁੰਦਾ।

**2.ਰਫਤਾਰ:** ਈ-ਮੇਲ ਦੀ ਰਫਤਾਰ ਸਾਡੇ ਦੂਸਰੇ ਚਿੱਠੀ ਪੱਤਰ-ਵਿਹਾਰ ਨਾਲੋਂ ਵੱਧ ਹੁੰਦੀ ਹੈ। ਈ-ਮੇਲ ਸੰਦੇਸ਼ ਆਪਣੀ ਮੰਜ਼ਿਲ ਉੱਤੇ ਕੁਝ ਕੁ ਮਿੰਟਾਂ-ਸੈਕਿੰਟਾਂ ਵਿੱਚ ਪਹੁੰਚ ਜਾਂਦੇ ਹਨ।

**3.ਸਹੂਲਤ:** ਕੰਪਿਊਟਰ ਯੂਜ਼ਰ ਸੰਦੇਸ਼ ਨੂੰ ਆਪਣੇ ਕੰਪਿਊਟਰ ਉੱਤੇ ਟਾਈਪ ਕਰਦੇ ਹਨ ਤੇ ਫਿਰ ਆਪਣੀ ਸਹੂਲਤ ਅਨੁਸਾਰ ਕਿਸੇ ਵੀ ਸਮੇਂ ਈ-ਮੇਲ ਕਰ ਦਿੰਦੇ ਹਨ। ਇਸ ਨਾਲ ਨਾ ਤਾਂ ਕਾਗਜ਼ ਦੀ ਵਰਤੋਂ ਹੁੰਦੀ ਹੈ, ਨਾ ਕੋਈ ਡਾਕ ਖਰਚਾ ਆਉਂਦਾ ਹੈ ਅਤੇ ਨਾ ਹੀ ਕੋਈ ਹੋਰ ਸਮੱਸਿਆ ਆਉਂਦੀ ਹੈ।

**4. ਵਰਲਡ ਵਾਈਡ ਵੈੱਬ (WWW) ਉੱਪਰ ਨੋਟ ਲਿਖੋ।**

ਉ. WWW ਵਿੱਚ ਸਾਰੀਆਂ ਪਬਲਿਕ ਵੈੱਬ ਸਾਈਟਾਂ ਸ਼ਾਮਿਲ ਹੁੰਦੀਆਂ ਹਨ, ਜੋ ਕਿ ਪੂਰੀ ਦੁਨੀਆ ਵਿੱਚ ਇੰਟਰਨੈੱਟ ਨਾਲ ਜੁੜੀਆਂ ਹੁੰਦੀਆਂ ਹਨ। ਵੈਬ-ਸਾਈਟ/ਪੇਜ਼ ਦੀ ਪਹਿਚਾਣ ਲਈ ਉਸਨੂੰ ਇੱਕ ਵਿਲੱਖਣ ਐਡਰੈਸ ਦਿੱਤਾ ਜਾਂਦਾ ਹੈ, ਜਿਸਨੂੰ URL (Uniform Resource Locator) ਕਿਹਾ ਜਾਂਦਾ ਹੈ। WWW ਬਹੁਤ ਸਾਰੀਆਂ ਵੈਬਸਾਈਟਾਂ ਦਾ ਸਮੂਹ ਹੁੰਦਾ ਹੈ ਜਿਸ ਵਿੱਚ ਈ-ਮੇਲ, ਮੇਲਿੰਗ ਲਿਸਟ, ਨਿਊਜ਼ ਗਰੁੱਪ ਆਦਿ ਸ਼ਾਮਿਲ ਹੁੰਦੇ ਹਨ। ਵੈੱਬ ਸਾਈਟ ਕਈ ਵੈਬ-ਪੇਜਾਂ ਦੇ ਮੇਲ ਨਾਲ ਬਣੀ ਹੁੰਦੀ ਹੈ। ਅਸੀਂ ਇਹਨਾਂ ਵੈਬ-ਪੇਜਾਂ ਵਿਚੋਂ ਸੂਚਨਾਵਾਂ ਪ੍ਰਾਪਤ ਕਰ ਸਕਦੇ ਹਾਂ। ਵਰਲਡ ਵਾਈਡ ਵੈੱਬ ਉਪਰ ਸਟੋਰਡ ਸੂਚਨਾਵਾਂ ਦੀ ਵਰਤੋਂ ਕਰਨ ਨੂੰ ਵੈੱਬ ਸਰਫਿੰਗ ਕਿਹਾ ਜਾਂਦਾ ਹੈ।

**5 .ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੁੱਖ ਸੇਵਾਵਾਂ ਦਾ ਵਰਨਣ ਕਰੋ।**

ਉ: ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੁੱਖ ਸੇਵਾਵਾਂ ਇਸ ਪ੍ਰਕਾਰ ਹਨ:

1. **ਈ-ਮੇਲ:** ਇਸ ਰਾਹੀਂ ਦੁਨੀਆਂ ਵਿਚ ਕਿਤੇ ਵੀ ਸ਼ਦੇਸ਼ ਭੇਜਿਆ ਜਾਂ ਪ੍ਰਾਪਤ ਕੀਤਾ ਜਾ ਸਕਦਾ ਹੈ।
2. **ਚੈਟਿੰਗ:** ਇੰਟਰਨੈਟ ਰਾਹੀਂ ਲਿਖਤੀ ਗਲਬਾਤ ਕਰਨ ਨੂੰ ਚੈਟਿੰਗ ਕਿਹਾ ਜਾਂਦਾ ਹੈ।
3. **ਆਨਲਾਈਨ ਸ਼ਾਪਿੰਗ:**ਇੰਟਰਨੈਟ ਦੀ ਮਦਦ ਨਾਲ ਅਸੀਂ ਘਰੇ ਬੈਠਕੇ ਆਨਲਾਈਨ ਸ਼ਾਪਿੰਗ ਕਰ ਸਕਦੇ ਹਾਂ।
4. **ਸਰਚਿੰਗ:** ਇੰਟਰਨੈਟ ਤੇ ਅਸੀਂ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲੱਭ ਸਕਦੇ ਹਾਂ।
5. **ਕਲਾ ਅਤੇ ਮਨੋਰੰਜਨ:** ਇੰਟਰਨੈਟ ਕਲਾ ਅਤੇ ਮਨੋਰੰਜਨ ਦਾ ਮੁੱਖ ਸਾਧਨ ਹੈ।
6. **ਵੀਡੀਓ ਕਾਨਫਰੈਂਸਿੰਗ:** ਅਸੀਂ ਕੈਮਰੇ ਦੀ ਮਦਦ ਨਾਲ ਹੋਰਾਂ ਨਾਲ ਗੱਲਬਾਤ ਕਰ ਸਕਦੇ ਹਾਂ।
7. **ਡਾਊਨਲੋਡਿੰਗ:**ਇੰਟਰਨੈਟ ਦੀ ਮਦਦ ਨਾਲ ਅਸੀਂ ਫਿਲਮਾਂ,ਗੇਮਜ਼,ਐਪਸ ਆਦਿ ਡਾਊਨਲੋਡ ਕਰ ਸਕਦੇ ਹਾਂ।

**6. ਇਨਫਰਮੇਸ਼ਨ ਟੈਕਨੋਲੋਜੀ ਦੀ ਜਰੂਰਤ ਦੀ ਵਿਆਖਿਆ ਕਰੋ ।**

ਉ: **1.ਵਪਾਰ ਅਤੇ ਉਦਯੋਗਾਂ ਵਿੱਚ:** ਵਪਾਰ ਅਤੇ ਉਦਯੋਗਾਂ ਵਿਚ ਇਨਫੋਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਆਫਿਸ ਆਟੋਮੇਸ਼ਨ ਅਤੇ ਮੈਨੇਜਮੈਂਟ ਇਨਫਾਰਮੇਸ਼ਨ ਸਿਸਟਮ ਲਈ ਕੀਤੀ ਜਾਂਦੀ ਹੈ।

**2.ਘਰਾਂ ਵਿੱਚ:** ਘਰਾਂ ਵਿੱਚ ਇਨਫਾਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਸੰਚਾਰ ਲਈ , ਸਿੱਖਿਆ ਲਈ ਅਤੇ ਮਨੋਰੰਜਨ ਲਈ ਕੀਤੀ ਜਾਂਦੀ ਹੈ

**3.ਟ੍ਰੇਨਿੰਗ ਲਈ:**ਸਕੂਲਾਂ ਵਿੱਚ ਇਨਫੋਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਵਧੀਆ ਅਤੇ ਆਸਾਨ ਢੰਗ ਨਾਲ ਜਾਣਕਾਰੀ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ।

**7. ਆਨਲਾਈਨ ਰਿਜ਼ਲਟ ਦੇਖਣ ਦੇ ਸਟੈਪ ਲਿਖੋ।**

ਉ: ਆਨਲਾਈਨ ਰਿਜ਼ਲਟ ਦੇਖਣ ਦੇ ਸਟੈਪ:

1.ਕਿਸੇ ਵੀ ਵੈਬ ਬ੍ਰਾਊਜ਼ਰ ਨੂੰ ਖੋਲੋ।

2. ਐਡਰੈਸ ਬਾਰ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟਾਂ ਦਾ ਐਡਰੈਸ www.pseb.ac.in ਟਾਈਪ ਕਰੋ।

3."Result" ਲਿੰਕ ਉੱਪਰ ਕਲਿੱਕ ਕਰੋ।

4.ਜੋ ਰਿਜ਼ਲਟ ਅਸੀਂ ਦੇਖਣਾ ਚਾਹੁੰਦੇ ਹਾਂ ਉਸਦੇ ਲਿੰਕ ਉੱਪਰ ਕਲਿੱਕ ਕਰੋ।

5.ਆਪਣੀ ਪ੍ਰੀਖਿਆ ਨਾਲ ਸੰਬੰਧਤ ਜਾਣਕਾਰੀ ਭਰੋ, ਜਿਵੇਂ ਕਿ ਰੋਲ ਨੰ, ਨਾਂ ਆਦਿ

6."Find Results" ਬਟਨ ਉੱਪਰ ਕਲਿੱਕ ਕਰੋ।

**8. ਮੋਬਾਈਲ ਟੈਕਨੋਲੋਜੀ ਉੱਪਰ ਨੋਟ ਲਿਖੋ।**

ਉ: ਮੋਬਾਈਲ ਟੈਕਨੋਲੋਜੀ ਦਾ ਅਰਥ ਇਸਦੇ ਨਾਂ ਤੋਂ ਹੀ ਸਪਸ਼ਟ ਹੁੰਦਾ ਹੈ - ਅਜਿਹੀ ਟੈਕਨੋਲੋਜੀ ਜੋ ਪੋਰਟੇਬਲ ਹੈ। ਮੋਬਾਈਲ ਟੈਕਨੋਲੋਜੀ ਬਹੁਤ ਤੇਜ਼ੀ ਨਾਲ ਦੁਨੀਆ ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਸੰਚਾਰ ਦਾ ਚਿਹਰਾ ਬਦਲ ਰਹੀ ਹੈ। ਅੱਜ, ਦੁਨੀਆ ਦੇ ਸੱਤ ਅਰਬ ਲੋਕਾਂ ਵਿੱਚੋਂ, ਲਗਭਗ ਛੇ ਅਰਬ ਲੋਕ ਸੈਲ ਫੋਨ ਦੇ ਗ੍ਰਾਹਕ ਹਨ। ਕੰਪਨੀਆਂ, ਸਰਕਾਰਾਂ ਅਤੇ NGOs ਨੇ ਅਜੋਕੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਇਸ ਸਾਧਨ ਦੀ ਸਮਰੱਥਾ ਨੂੰ ਸਮਝ ਲਿਆ ਹੈ। ਮੋਬਾਈਲ ਟੈਕਨੋਲੋਜੀ ਦੇ ਕੁਝ ਮਹੱਤਵਪੂਰਣ ਉਪਯੋਗ ਅੱਗੇ ਦਿੱਤੇ ਗਏ ਹਨ:

1.ਸਿੱਖਿਆ

2.ਸਰਵੇਖਣ ਅਤੇ ਚੋਣਾਂ

3.ਬੈਕਿੰਗ

4.ਡਾਟਾ ਦਾ ਵਿਸ਼ਲੇਸ਼ਣ

**9. ਆਨਲਾਈਨ ਸ਼ਾਪਿੰਗ ਬਾਰੇ ਤੁਸੀਂ ਕੀ ਜਾਣਦੇ ਹੋ?ਵਿਸਥਾਰ ਨਾਲ ਦਸੋ।**

ਉ: ਆਨਲਾਈਨ ਸ਼ਾਪਿੰਗ ਈ-ਕਾਮਰਸ ਦਾ ਇਕ ਰੂਪ ਹੈ।ਆਨਲਾਈਨ ਸ਼ਾਪਿੰਗ ਵਿਚ ਅਸੀਂ ਇੰਟਰਨੈਟ ਦੀ ਵਰਤੋਂ ਕਰਦੇ ਹੋਏ ਘਰ ਬੈਠੇ ਹੀ ਚੀਜਾਂ ਦੀ ਖਰੀਦਦਾਰੀ ਕਰ ਸਕਦੇ ਹਾਂ।ਅਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠੇ ਕਿਸੇ ਵੀ ਸਮੇਂ ਆਨਲਾਈਨ ਸ਼ਾਪਿੰਗ ਕਰ ਸਕਦੇ ਹਾਂ।ਆਨਲਾਈਨ ਸ਼ਾਪਿੰਗ ਵਿਚ ਅਸੀਂ ਆਪਣੀ ਖਰੀਦਦਾਰੀ ਦੇ ਬਿੱਲ ਦਾ ਭੁਗਤਾਨ ਕਰਨ ਲਈ ਕ੍ਰੈਡਿਟ ਜਾਂ ਡੈਬਿਟ ਕਾਰਡ ਜਾਂ ਨੈਟਬੈਂਕਿੰਗ ਆਦਿ ਦੀ ਵਰਤੋਂ ਕਰ ਸਕਦੇ ਹਾਂ।ਖਰੀਦੀ ਗਈ ਚੀਜ਼ ਵਪਾਰੀ ਵਲੋਂ ਆਪਣੇ ਆਪ ਸਾਡੇ ਘਰ ਪਹੁੰਚਾ ਦਿਤੀ ਜਾਂਦੀ ਹੈ।AMAZON, FLIPKART ਆਦਿ ਆਮ ਵਰਤੀਆਂ ਜਾਣ ਵਾਲੀਆਂ ਈ-ਕਾਮਰਸ ਸਾਈਟਾਂ ਹਨ ਜਿਹਨਾਂ ਦੀ ਵਰਤੋਂ ਕਰਦੇ ਹੋਏ ਅਸੀਂ ਆਨਲਾਈਨ ਸ਼ਾਪਿੰਗ ਕਰ ਸਕਦੇ ਹਾਂ।

**10. ਨੈਟ ਬੈਂਕਿੰਗ ਦੀ ਵਿਆਖਿਆ ਕਰੋ।**

ਉ: ਨੈਟ-ਬੈਂਕਿੰਗ ਨੂੰ ਆਨਲਾਈਨ ਬੈਂਕਿੰਗ ਵੀ ਕਿਹਾ ਜਾਂਦਾ ਹੈ।ਨੈਟ-ਬੈਂਕਿੰਗ ਨੇ ਬੈਂਕਾਂ ਦੇ ਕੰਮਕਾਜ ਕਰਨ ਦਾ ਤਰੀਕਾ ਪੂਰੀ ਤਰ੍ਹਾਂ ਬਦਲ ਕੇ ਰੱਖ ਦਿਤਾ ਹੈ।ਨੈਟ-ਬੈਂਕਿੰਗ ਨਾਲ ਅਸੀਂ ਬੈਂਕਾਂ ਨਾਲ ਸੰਬੰਧਤ ਕੰਮਕਾਜ ਇੰਟਰਨੈਟ ਦੀ ਵਰਤੋਂ ਕਰਦੇ ਹੋਏ ਘਰ ਬੈਠੇ ਹੀ ਕਰ ਸਕਦੇ ਹਾਂ।

ਨੈਟ-ਬੈਂਕਿੰਗ ਦੀ ਵਰਤੋਂ ਨਾਲ ਕੀਤੇ ਜਾਣ ਵਾਲੇ ਕੁੱਝ ਮੁੱਖ ਕੰਮ ਇਸ ਪ੍ਰਕਾਰ ਹਨ:

1.ਅਸੀਂ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

2.ਬਿਜਲੀ ਆਦਿ ਦਾ ਬਿੱਲ ਭਰ ਸਕਦੇ ਹਾਂ।

3.ਆਪਣੇ ਖਾਤੇ ਵਿਚੋਂ ਕਿਸੇ ਹੋਰ ਵਿਅਕਤੀ ਦੇ ਖਾਤੇ ਵਿਚ ਪੈਸੇ ਟ੍ਰਾਂਸਫਰ ਕਰ ਸਕਦੇ ਹਾਂ